## "ਬ੍ਰਾਹਮਣ ਮਤਲਬ ਧਰਮ ਸਤਾ ਅਤੇ ਸਵਰਾਜ ਸਤਾ ਦੀ ਅਧਿਕਾਰੀ ਆਤਮਾ"

"ਅੱਜ ਬਾਪਦਾਦਾ ਚਾਰੋਂ ਪਾਸੇ ਦੇ ਬੱਚਿਆਂ ਵਿੱਚ ਦੋ ਵਿਸ਼ੇਸ਼ ਸਤਾ ਨੂੰ ਦੇਖ ਰਹੇ ਹਨ। ਉਹ ਦੋ ਸੱਤਾਵਾਂ ਹਨ ਇੱਕ ਧਰਮ ਸੱਤਾ ਅਤੇ ਦੂਸਰੀ ਸਵਰਾਜ ਸੱਤਾ। ਬ੍ਰਾਹਮਣ ਜੀਵਨ ਦੀ ਵਿਸ਼ੇਸ਼ਤਾ - ਇਹ ਦੋਵੇਂ ਸੱਤਾਵਾਂ ਹਰ ਇੱਕ ਨੂੰ ਪ੍ਰਾਪਤ ਹੁੰਦੀਆਂ ਹਨ। ਧਰਮ ਸੱਤਾ ਮਤਲਬ ਸਤਿ, ਪਵਿੱਤ੍ਰਤਾ ਦੀ ਧਾਰਨਾ ਸਵਰੂਪ ਅਤੇ ਸਵਰਾਜ ਸੱਤਾ ਮਤਲਬ ਯਤਾ ਅਧਿਕਾਰੀ ਬਣ ਸਰਵ ਕਰਮਇੰਦ੍ਰਿਆਂ ਨੂੰ ਆਪਣੇ ਅਧਿਕਾਰ ਨਾਲ ਆਡਰ ਵਿੱਚ ਚਲਾਉਣਾ। ਸਵਰਾਜ ਅਧਿਕਾਰੀ ਅਤੇ ਸਵਰਾਜ ਦੇ ਸੱਤਾਧਾਰੀ ਕਿਸੇ ਵੀ ਪਰਿਸਥਿਤੀ, ਪ੍ਰਕ੍ਰਿਤੀ ਅਤੇ ਮਾਇਆ ਦੇ ਸਰਵ ਸਵਰੂਪਾਂ ਵਿੱਚ ਅਧੀਨ ਨਹੀਂ ਬਣਨਗੇ, ਅਧਿਕਾਰੀ ਰਹਿਣਗੇ। ਹਰ ਬ੍ਰਾਹਮਣ ਆਤਮਾ ਨੂੰ ਬਾਪਦਾਦਾ ਨੇ ਇਹ ਦੋਵੇਂ ਹੀ ਸੱਤਾਵਾਂ ਪ੍ਰਾਪਤ ਕਰਾਈਆਂ ਹਨ ਨਾ? ਸਭ ਵਿੱਚ ਇਹ ਦੋਵੇਂ ਸੱਤਾਵਾਂ ਹਨ ਕਿ ਹਾਲੇ ਪੂਰੀਆਂ ਨਹੀਂ ਆਈਆਂ ਹਨ? ਹੁਣ ਦੀਆਂ ਦੋਵਾਂ ਸੱਤਾਵਾਂ ਪ੍ਰਾਪਤ ਕਰਨ ਵਾਲੇ ਹੀ ਭਵਿੱਖ ਵਿੱਚ ਧਰਮ ਅਤੇ ਰਾਜ ਸਤਾ ਦੇ ਅਧਿਕਾਰੀ ਬਣਦੇ ਹਨ। ਦੋਵੇਂ ਹੀ ਸੱਤਾਵਾਂ ਧਾਰਨ ਕੀਤੀਆਂ ਹਨ? ਆਪਣਾ ਚਿਤ੍ਰ ਵੇਖਿਆ ਹੈ? ਡਬਲ ਵਿਦੇਸ਼ੀਆਂ ਦਾ ਚਿਤ੍ਰ ਹੈ ਜਾਂ ਹੋਰਾਂ ਦਾ ਚਿਤ੍ਰ ਹੈ? ਤਾਂ ਉਸ ਚਿੱਤਰ ਵਿੱਚ ਦੋਵੇਂ ਸੱਤਾਵਾਂ ਦੀ ਨਿਸ਼ਾਨੀ ਦੇਖੀ ਹੈ? ਧਰਮ ਸੱਤਾ ਦੀ ਨਿਸ਼ਾਨੀ ਹੈ - ਲਾਇਟ ਦਾ ਤਾਜ ਅਤੇ ਰਾਜ ਸੱਤਾ ਦੀ ਨਿਸ਼ਾਨੀ ਹੈ ਰਤਨ ਜੜਿਤ ਤਾਜ। ਤਾਂ ਅਜਿਹਾ ਆਪਣਾ ਚਿੱਤਰ ਦੇਖਿਆ ਹੈ? ਤਾਂ ਦੋਵੇ ਸੱਤਾ ਧਾਰਨ ਇਸ ਸਮੇਂ ਕਰਦੇ ਹੋ। ਜੋ ਅੱਧਾਕਲਪ ਦੋਵੇਂ ਹੀ ਸੱਤਾਵਾਂ ਤੁਹਾਡੇ ਸਭਦੇ, ਇੱਕ ਦੇ ਹੱਥ ਵਿੱਚ ਹਨ। ਦਵਾਪਰ ਤੋਂ ਦੇਖੋ ਤਾਂ ਧਰਮ ਸੱਤਾ ਵੱਖ ਹੋ ਗਈ ਅਤੇ ਰਾਜ ਸੱਤਾ ਵੱਖ ਹੋ ਗਈ, ਇਸਲਈ ਧਰਮ ਪਿਤਾਵਾਂ ਨੂੰ ਆਉਣਾ ਪਿਆ। ਤਾਂ ਧਰਮ ਪਿਤਾ ਅਤੇ ਰਾਜਾ ਦੋਨੋਂ ਵੱਖ - ਵੱਖ ਰਹੇ। ਪਰ ਤੁਹਾਡੇ ਰਾਜ ਵਿੱਚ ਵੱਖ ਹੋਣਗੇ ਕੀ? ਹਰ ਇੱਕ ਦੇ ਕੋਲ ਦੋਨੋਂ ਸੱਤਾਵਾਂ ਇਕੱਠੀਆਂ ਹੁੰਦੀਆਂ ਹਨ ਇਸਲਈ ਅਖੰਡ ਨਿਰਵਿਘਣ ਰਾਜ ਚਲਦਾ ਹੈ। ਤਾਂ ਹਰ ਇੱਕ ਵਿੱਚ ਇਹ ਦੋਵੇਂ ਹੀ ਸਤਾਵਾਂ ਦੇਖ ਰਹੇ ਸਨ ਕਿ ਹਰ ਇੱਕ ਨੇ ਕਿੰਨੀ ਆਪਣੇ ਵਿੱਚ ਧਾਰਨਾ ਕੀਤੀ ਹੈ? ਕਿਥੋਂ ਤੱਕ ਅਧਿਕਾਰੀ ਬਣੇ ਹਨ? ਕੀ ਸਦਾ ਅਧਿਕਾਰੀ ਰਹਿੰਦੇ ਹਨ ਜਾਂ ਕਦੀ ਅਧੀਨ, ਕਦੀ ਅਧਿਕਾਰੀ? ਹੁਣੇ - ਹੁਣੇ ਅਧਿਕਾਰੀ ਹਨ ਅਤੇ ਹੁਣੇ - ਹੁਣੇ ਅਧੀਨ ਹੋ ਜਾਣ ਤਾਂ ਚੰਗਾ ਲੱਗੇਗਾ? ਕਿ ਸਦਾ ਅਧਿਕਾਰੀ ਚੰਗਾ ਹੈ? ਸਦਾ ਅਧਿਕਾਰੀ ਚਾਹੀਦੇ ਹਨ ਜਾਂ ਥੋੜਾ ਟਾਇਮ ਦੇ ਲਈ ਚੱਲੇਗਾ? ਜਦੋਂ ਖੁਦ ਬਾਪ ਅਧਿਕਾਰ ਦੇ ਰਹੇ ਹਨ, ਦੇਣ ਵਾਲਾ ਦੇ ਰਿਹਾ ਹੈ ਅਤੇ ਲੈਣ ਵਾਲੇ ਜੋ ਹਨ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ? ਲੈਣਾ ਸਹਿਜ ਹੈ ਦੇਣਾ ਸਹਿਜ ਹੈ? ਲੈਣ ਵਿੱਚ ਤਾਂ ਕੋਈ ਮੁਸ਼ਕਿਲ ਨਹੀਂ ਹੈ ਨਾ? ਦੇਣ ਵਿੱਚ ਸੋਚਿਆ ਜਾਂਦਾ ਹੈ - ਦੇਵੇਂ ਕਿ ਨਹੀਂ ਦੇਵੇਂ, ਥੋੜਾ ਦੇਵੇਂ, ਜ਼ਿਆਦਾ ਦੇਵੇਂ... ਪਰ ਲੈਣ ਵਿੱਚ ਤਾਂ ਸਭ ਕਹਿਣਗੇ - ਜਿਨ੍ਹਾਂ ਮਿਲੇ ਓਨਾ ਲੈ ਲਈਏ। ਤਾਂ ਲੈਣ ਵਿੱਚ ਨੰਬਰਵਨ ਹੋ ਜਾਂ ਨੰਬਰ ਟੂ ਹੋ? ਇਸ ਵਿੱਚ ਤੇ ਨੰਬਰ ਦੋ ਕੋਈ ਨਹੀਂ ਬਣਦਾ ਅਤੇ ਜਦੋਂ ਦੇਣਾ ਪੈਂਦਾ ਹੈ ਤਾਂ... ਦੇਣ ਵਿੱਚ ਵੀ ਨੰਬਰਵਨ ਹੋ ਕਿ ਸੋਚਣਾ ਪੈਂਦਾ ਹੈ, ਹਿੰਮਤ ਰੱਖਣੀ ਪੈਂਦੀ ਹੈ। ਅਸਲ ਵਿੱਚ ਦੇਖੋ ਕਿ ਦਿੰਦੇ ਕੀ ਹੋ? ਬ੍ਰਾਹਮਣ ਜੀਵਨ ਵਿੱਚ ਦੇਣਾ ਹੈ ਜਾਂ ਲੈਣਾ ਹੈ। ਜੇਕਰ ਦੇਣ ਵਾਲੀ ਚੀਜ਼ ਤੋਂ ਲੈਣ ਵਾਲੀ ਚੀਜ਼ ਸ਼੍ਰੇਸ਼ਠ ਹੈ ਤਾਂ ਲੈਣਾ ਹੋਇਆ ਜਾਂ ਦੇਣਾ ਹੋਇਆ? ਦੇਣਾ ਪਵੇਗਾ, ਦੇਣਾ ਹੈ - ਇਹ ਸੋਚਦੇ ਹੋ ਤਾਂ ਭਾਰੀ ਹੁੰਦੇ ਹੋ। ਲੈਣਾ ਹੈ, ਤਾਂ ਸਦਾ ਖੁਸ਼ ਰਹੋਂਗੇ, ਹਿੰਮਤ ਵਿੱਚ ਰਹੋਗੇ। ਦੇਣ ਵਿੱਚ ਸੋਚਦੇ ਹੋ ਦੇਣਾ ਮੁਸ਼ਕਿਲ ਹੈ ਪਰ ਪਹਿਲੇ ਲੈਂਦੇ ਹੋ ਫਿਰ ਦਿੰਦੇ ਤਾਂ ਕੁਝ ਵੀ ਨਹੀਂ ਹੋ। ਤੁਹਾਡੇ ਕੋਲ ਕੁਝ ਹੈ ਜੋ ਤੁਸੀਂ ਦਵੋਂਗੇ? ਦਿੱਤੀ ਤਾਂ ਚੰਗੀ ਚੀਜ਼ ਜਾਂਦੀ ਹੈ ਜਾਂ ਖਰਾਬ ਚੀਜ਼? ਤਾਂ ਕੀ ਚੰਗਾ ਹੈ ਤੁਹਾਡੇ ਕੋਲ - ਤਨ ਚੰਗਾ ਹੈ? ਮਨ ਚੰਗਾ ਹੈ? ਧਨ ਚੰਗਾ ਹੈ? ਬੇਕਾਰ ਹੈ। ਦਵਾਈਆਂ ਦੇ ਧੱਕੇ ਨਾਲ ਸ਼ਰੀਰ ਨੂੰ ਚਲਾ ਰਹੇ ਹੋ। ਤਾਂ ਧੱਕੇ ਵਾਲੀ ਗੱਡੀ ਚੰਗੀ ਹੁੰਦੀ ਹੈ ਕੀ! ਤਾਂ ਬ੍ਰਾਹਮਣ ਜੀਵਨ ਵਿੱਚ ਲੈਣਾ ਹੀ ਲੈਣਾ ਹੈ। ਅਤੇ ਬਾਪ ਤਾਂ ਮੁਸਕਰਾਉਂਦੇ ਹਨ ਕਿ ਬੱਚੇ ਬਾਪ ਤੋਂ ਵੀ ਚਤੁਰ ਹਨ। ਪਹਿਲੇ ਲੈਂਦੇ ਹਨ ਫਿਰ ਦੇਣ ਦਾ ਸੋਚਦੇ ਹਨ। ਹੁਸ਼ਿਆਰ ਹੋ ਨਾ! ਬੱਚੇ ਹੁਸ਼ਿਆਰ ਹੁੰਦੇ ਹਨ ਤਾਂ ਬਾਪ ਨੂੰ ਵੀ ਚੰਗਾ ਲੱਗਦਾ ਹੈ ਪਰ ਚਲਦੇ -ਚਲਦੇ ਜੇਕਰ ਡਲ ਹੋ ਜਾਂਦੇ ਹਨ ਤਾਂ ਚੰਗਾ ਨਹੀਂ ਲੱਗਦਾ ਹੈ। ਕਦੀ - ਕਦੀ ਬੱਚਿਆਂ ਦੀ ਸ਼ਕਲ (ਫੇਸ) ਇਵੇਂ ਲਗਦੀ ਹੈ ਕਿ ਪਤਾ ਨਹੀਂ ਕੀ ਹੋ ਗਿਆ! ਜਿਵੇਂ ਸ਼ਰੀਰ ਵਿੱਚ ਚੱਲਦੇ - ਚੱਲਦੇ ਖੂਨ ਘੱਟ ਹੋ ਜਾਂਦਾ ਹੈ ਤਾਂ ਕਮਜ਼ੋਰ ਹੋ ਜਾਂਦੇ ਹਨ ਨਾ, ਫੇਸ ਤੋਂ ਵੀ ਕਮਜ਼ੋਰੀ ਨਜ਼ਰ ਆਉਂਦੀ ਹੈ। ਤਾਂ ਇੱਥੇ ਵੀ ਖੁਸ਼ੀ ਦੀ, ਸ਼ਕਤੀਆਂ ਦੀ ਕਮੀ ਹੋ ਜਾਂਦੀ ਹੈ ਨਾ ਤਾਂ ਚੇਹਰਾ ਇਵੇਂ ਹੋ ਜਾਂਦਾ ਹੈ ਜਿਵੇਂ ..., ਸਭ ਜਾਣਦੇ ਹਨ, ਸਭ ਅਨੁਭਵੀ ਹਨ। ਇੱਕ ਪਾਸੇ ਕਹਿੰਦੇ ਹੋ ਕਿ ਖੁਸ਼ੀਆਂ ਦੀ ਖਾਨ ਮਿਲੀ ਹੈ ਅਤੇ ਉਹ ਵੀ ਅਵਿਨਾਸ਼ੀ ਫਿਰ ਘਟ ਕਿਵੇਂ ਹੋ ਜਾਂਦੀ ਹੈ? ਤਾਂ ਬਾਪ ਦੇ ਕੋਲ ਤੁਹਾਡੇ ਸਾਰੇ ਦਿਨ ਦੇ ਮਨ ਦੇ ਮੂਡ ਅਤੇ ਮੂਡ ਪ੍ਰਮਾਣ ਜੋ ਫੇਸ ਬਦਲਦਾ ਹੈ ਉਹ ਸਾਰੇ ਦਿਨ ਦੇ ਚਿਤਰ ਉੱਥੇ ਹੁੰਦੇ ਹਨ। ਤੁਸੀਂ ਤਾਂ ਚਿਤਰਾਂ ਦਾ ਮਿਊਜ਼ੀਅਮ ਬਣਾਉਂਦੇ ਹੋ ਨਾ, ਬਾਪ ਦੇ ਕੋਲ ਤੁਹਾਡੇ ਚਿੱਤਰਾਂ ਦਾ ਮਿਊਜ਼ੀਅਮ ਹੁੰਦਾ ਹੈ। ਤਾਂ ਸਦਾ ਇਹ ਯਾਦ ਰੱਖੋ ਕਿ ਮੈਂ ਬ੍ਰਾਹਮਣ ਆਤਮਾ ਰਾਜ ਸੱਤਾ ਅਤੇ ਧਰਮ ਸੱਤਾ ਦੀ ਅਧਿਕਾਰੀ ਆਤਮਾ ਹਾਂ। ਇਹ ਸਮ੍ਰਿਤੀ ਦਾ ਨਿਸ਼ਚੇ ਹੈ ਤਾਂ ਨਸ਼ਾ ਹੈ, ਨਿਸ਼ਚੇ ਘਟ ਤਾਂ ਨਸ਼ਾ ਵੀ ਘੱਟ। ਤਾਂ ਚੈਕ ਕਰੋ - ਇਹ ਸਤਾਵਾਂ ਸਦਾ ਨਾਲ ਰਹਿੰਦੀਆਂ ਹਨ ਜਾਂ ਕਦੀ ਗੁੰਮ ਹੋ ਜਾਂਦੀਆਂ ਹਨ, ਕਦੀ ਆ ਜਾਂਦੀਆਂ ਹਨ?

ਅੱਛਾ, ਅੱਜ ਡਬਲ ਵਿਦੇਸ਼ੀ ਮਿਜੋਰਟੀ ਹਨ। ਬਾਪਦਾਦਾ ਵਿਸ਼ੇਸ਼ ਡਬਲ ਵਿਦੇਸ਼ੀਆਂ ਤੋਂ ਪੁੱਛਦੇ ਹਨ ਕਿ ਸਾਰੇ ਦਿਨ ਵਿੱਚ ਆਪਣੇ ਅਧਿਕਾਰ ਦੀ ਸੀਟ ਤੇ ਸੈੱਟ ਰਹਿੰਦੇ ਹੋ ਜਾਂ ਅਪਸੇਟ ਰਹਿੰਦੇ ਹੋ ਜਾਂ ਅਪਸੇਟ ਬਹੁਤ ਜਲਦੀ ਹੁੰਦੇ ਹੋ? ਕਿ ਅਪਸੇਟ ਹੋਣਾ - ਇਹ ਪਾਸਟ ਦੀ ਗੱਲ ਹੈ, ਹੁਣ ਨਹੀਂ ਹੁੰਦੇ। ਪਾਸਟ ਹੋ ਗਿਆ ਨਾ! ਹੁਣ ਤਾਂ ਨਹੀਂ ਹੁੰਦੇ ਹੋ ਨਾ! ਹੁਣ ਨਾਲੇਜ਼ਫੁੱਲ, ਪਾਵਰਫੁੱਲ ਬਣ ਗਏ। ਇਵੇਂ

ਤਾਂ ਨਹੀਂ ਕਿ ਛੋਟੀ - ਜਿਹੀ ਗੱਲ ਵਿੱਚ ਅਪਸੇਟ ਹੋ ਜਾਓ, ਚੇਹਰਾ ਬਦਲ ਜਾਏ, ਮੂਡ ਬਦਲ ਜਾਏ! ਇਵੇਂ ਕਦੀ - ਕਦੀ ਹੁੰਦਾ ਹੈ? ਕਦੀ - ਕਦੀ ਅਪਸੇਟ ਹੁੰਦੇ ਹੋ? ਅੱਛਾ! ਜੋ ਸਮਝਦੇ ਹਨ ਕਿ ਅਪਸੇਟ ਹੋਣਾ ਕੀ ਹੁੰਦਾ ਹੈ ਉਹ ਵੀ ਭੁੱਲ ਗਿਆ ਹੈ, ਇਵੇਂ ਸ਼ਕਤੀਸ਼ਾਲੀ ਆਤਮਾਵਾਂ ਜੋ ਕਦੀ ਅਪਸੇਟ ਨਹੀਂ ਹੁੰਦੇ ਹਨ ਉਹ ਹੱਥ ਉਠਾਓ। ਸੱਚ ਤਾਂ ਬੋਲ ਰਹੇ ਹੋ ਉਸਦੀ ਮੁਬਾਰਕ। ਹੁਣ ਇਸ ਸੀਜ਼ਨ ਵਿੱਚ ਕੁਝ ਤਾਂ ਮਧੂਬਨ ਵਿੱਚ ਛੱਡਕੇ ਜਾਓਗੇ ਜਾਂ ਕੁਝ ਲੈਕੇ ਜਾਓਗੇ? ਮਿਜੋਰਟੀ ਨੇ ਮਧੂਬਨ ਵਿੱਚ ਸ਼ਿਵਰਾਤਰੀ ਮਨਾਈ ਹੈ ਨਾ! ਤਾਂ ਜਿਸਦਾ ਬਰਥਡੇ ਹੁੰਦਾ ਹੈ ਉਸਨੂੰ ਗਿਫ਼੍ਟ ਦਿੰਦੇ ਹੋ ਨਾ। ਤਾਂ ਬਾਪ ਨੂੰ ਕੀ ਗਿਫ਼੍ਟ ਦਿੱਤੀ? ਇਹ ਅਪਸੇਟ ਹੋਣਾ ਇਹ ਗਿਫ਼੍ਟ ਦੇ ਦੋ - ਨਹੀਂ ਹੋਣਗੇ। ਹਿੰਮਤ ਹੈ? ਅੱਛਾ, ਹੱਥ ਉਠਾਓ ਅਤੇ ਟੀ. ਵੀ. ਵਿੱਚ ਸਭਦੇ ਹੱਥ ਨਿਕਾਲੋ। ਸੋਚ - ਸਮਝਕੇ ਪੱਕੇ ਹੱਥ ਉਠਾਉਣਾ। ਦੇਖੋ ਸਭ ਦੇ ਹੱਥ ਦਾ ਫੋਟੋ ਨਿਕਲਣਾ ਹੈ। ਦੇਖਣਾ ਹੁਣ ਫ਼ੋਟੋ ਨਿਕਲ ਗਿਆ ਹੈ। ਬਾਪਦਾਦਾ ਨੂੰ ਉਹ ਚੇਹਰਾ ਚੰਗਾ ਨਹੀਂ ਲੱਗਦਾ। ਬਾਪਦਾਦਾ ਹਰ ਇੱਕ ਬੱਚੇ ਨੂੰ ਸਦਾ ਖਿੜਿਆ ਹੋਇਆ ਰੂਹਾਨੀ ਗੁਲਾਬ ਦੇਖਣਾ ਚਾਹੁੰਦੇ ਹਨ। ਮੁਰਝਾਇਆ ਹੋਇਆ ਨਹੀਂ, ਖਿੜਿਆ ਹੋਇਆ। ਜਿਸਨਾਲ ਪਿਆਰ ਹੁੰਦਾ ਹੈ ਨਾ ਤਾਂ ਉਸਨੂੰ ਜੋ ਚੰਗਾ ਲੱਗਦਾ ਹੈ ਉਹ ਹੀ ਕੀਤਾ ਜਾਂਦਾ ਹੈ! ਡਬਲ ਫਾਰਨੇਰਸ ਤਾਂ ਬਾਪ ਨਾਲ ਬਹੁਤ ਪਿਆਰ ਕਰਦੇ ਹਨ। ਤਾਂ ਜੋ ਬਾਪ ਨੂੰ ਚੰਗਾ ਲੱਗਦਾ ਹੈ ਉਹ ਹੀ ਤੁਹਾਨੂੰ ਚੰਗਾ ਲੱਗਦਾ ਹੈ ਨਾ! ਹੁਣ ਕਿਸੀ ਦਾ ਵੀ ਇਵੇਂ ਦਾ ਸਮਾਚਾਰ ਨਹੀਂ ਆਏ ਕਿ ਕੀ ਕਰੀਏ, ਗੱਲ ਹੀ ਇਵੇਂ ਸੀ, ਇਸਲਈ ਅਪਸੇਟ ਹੋ ਗਏ! ਜੇਕਰ ਗੱਲ ਅਪਸੈੱਟ ਦੀ ਆਉਂਦੀ ਵੀ ਹੈ ਤਾਂ ਤੁਸੀਂ ਅਪਸੇਟ ਸਥਿਤੀ ਵਿੱਚ ਨਹੀਂ ਆਓ। ਜਿਵੇਂ ਝੂਲਾ ਝੂਲਦੇ ਹੋ ਨਾ, ਤਾਂ ਉਹ ਬਹੁਤ ਥੱਲੇ - ਉਪਰ ਹੁੰਦਾ ਹੈ, ਬਹੁਤ ਥਲੇ ਹੋ, ਬਹੁਤ ਉੱਪਰ ਹੋ ਅਤੇ ਬਹੁਤ ਫਾਸਟ ਹੋਵੇ ਤਾਂ ਸ਼ਰੀਰ ਨੂੰ ਅਪਸੇਟ ਕਰੇਗਾ ਨਾ। ਲੇਕਿਨ ਤੁਸੀਂ ਅਪਸੇਟ ਹੁੰਦੇ ਹੋ ਕੀ? ਕਿਓਂ ਨਹੀ ਹੁੰਦੇ ਹੋ? ਖੇਲ ਸਮਝਦੇ ਹੋ ਤਾਂ ਅਪਸੇਟ ਹੋਣ ਦੇ ਬਜਾਏ ਮਨੋਰੰਜਨ ਸਮਝਦੇ ਹੋ। ਕਾਰਨ ਕੀ ਹੋਇਆ? ਖੇਡ ਹੈ। ਇਵੇਂ ਜੇਕਰ ਕੋਈ ਅਪਸੇਟ ਕਰਨ ਦੀਆਂ ਗੱਲਾਂ ਆਉਣ ਵੀ, ਆਉਣਗੀਆਂ ਜਰੂਰ, ਜਿਨ੍ਹਾਂ ਨੇ ਹੱਥ ਉਠਾਇਆ ਉਹਨਾਂ ਦੇ ਕੋਲ ਹੋਰ ਬੜੀਆਂ ਅਪਸੇਟ ਕਰਨ ਵਾਲੀਆਂ ਗੱਲਾਂ ਆਉਣਗੀਆਂ ਕਿਉਂਕਿ ਮਾਇਆ ਵੀ ਮੁਰਲੀ ਸੁਣ ਰਹੀ ਹੈ। ਪਰ ਉਸਨੂੰ ਇੱਕ ਖੇਡ ਸਮਝੋਂ। ਘਬਰਾਓ ਨਹੀਂ। ਚੰਗਾ, ਝੁਲਾਉਦੀ ਹੈ, ਝੂਲਣ ਦਵੋ। ਪਰ ਮਨ ਘਬਰਾਏ ਨਹੀਂ। ਨਾਲੇਜ਼ਫੁੱਲ, ਪਾਵਰਫੁੱਲ ਬਣ ਜਾਓ। ਉਸ ਸੀਟ ਨੂੰ ਛੱਡੋ ਨਹੀਂ। ਜੇਕਰ ਇੱਕ - ਦੋ ਵਾਰ ਵੀ ਮਾਇਆ ਨੇ ਦੇਖਿਆ ਕਿ ਇਹ ਅਪਸੇਟ ਹੋਣ ਵਾਲੇ ਨਹੀਂ ਹਨ ਤਾਂ ਖੁਦ ਅਪਸੇਟ ਹੋ ਜਾਏਗੀ, ਤੁਹਾਨੂੰ ਨਹੀਂ ਕਰੇਗੀ। ਗੱਲ ਦੀ ਲੈਣ ਦੇਣ ਭਾਵੇ ਕਰੋ, ਕੋਈ ਵੀ ਗੱਲ ਆਉਂਦੀ ਹੈ ਤਾਂ ਨਾਲੇਜ਼ਫੁੱਲ ਹੋਣ ਦੇ ਕਾਰਨ ਸਮਝਦੇ ਤਾਂ ਹੋ ਨਾ - ਇਹ ਠੀਕ ਹੈ, ਇਹ ਨਹੀਂ ਠੀਕ ਹੈ, ਇਹ ਹੋਣੀ ਚਾਹੀਦੀ ਹੈ, ਇਹ ਨਹੀਂ ਹੋਣਾ ਚਾਹੀਦਾ ਹੈ … ਪਰ ਗੱਲ ਦੀ ਲੈਣ - ਦੇਣ ਗੱਲ ਦੀ ਤਰ੍ਹਾਂ ਕਰੋ, ਅਪਸੇਟ ਰੂਪ ਨਾਲ ਨਹੀਂ ਕਰੋ। ਇਕ ਪਾਸੇ ਬੋਲਦੇ ਜਾਣਗੇ, ਦੂਸਰੇ ਪਾਸੇ ਗੰਗਾ - ਜਮੁਨਾ ਬਹਾਉਂਦੇ ਰਹਿਣਗੇ। ਭਾਵੇਂ ਮਨ ਵਿੱਚ ਬਹਾਓ, ਭਾਵੇਂ ਅੱਖ ਨਾਲ ਬਹਾਓ, ਦੋਵੇਂ ਹੀ ਠੀਕ ਨਹੀਂ ਹਨ। ਤਾਂ ਗਿਫ਼੍ਟ ਦੇਣ ਦੇ ਲਈ ਤਿਆਰ ਹੋ? ਸੋਚ ਲਿਆ ਕਿ ਇਵੇਂ ਹੀ ਹਾਂ ਕਰ ਲਿਆ?

ਬਾਪਦਾਦਾ ਬਹੁਤ ਹੀ ਸਹਿਜ ਸ਼ਬਦਾਂ ਵਿੱਚ ਯੁਕਤੀ ਦਸ ਰਹੇ ਹਨ ਕਿ ਜਦੋਂ ਕੋਈ ਵੀ ਪਰਿਸਥਿਤੀ ਜਾਂ ਪ੍ਰਕ੍ਰਿਤੀ ਹਲਚਲ ਦੇ ਰੂਪ ਵਿੱਚ ਆਏ ਤਾਂ ਦੋ ਸ਼ਬਦ ਯਾਦ ਰੱਖੋ, ਵਿਧੀ ਹੈ - ਜਾਂ ਨਾਟ (ਨਹੀਂ) ਕਰੋ ਜਾਂ ਡਾਟ (ਬਿੰਦੂ) ਲਗਾਓ। ਨਾਟ ਜਾਂ ਡਾਟ। ਜੇਕਰ ਕੋਈ ਗੱਲ ਰਾਂਗ ਹੈ ਤਾਂ ਇਹ ਹੀ ਸੋਚੋ ਨਾਟ ਮਾਨਾ ਨਹੀਂ ਕਰਨਾ ਹੈ। ਨਾ ਸੋਚਨਾ ਹੈ, ਨਾ ਕਰਨਾ ਹੈ, ਨਾ ਬੋਲਣਾ ਹੈ। ਅਤੇ ਡਾੱਟ ਲਗਾ ਦਵੋ ਤਾਂ ਨਾਟ ਹੋ ਹੀ ਜਾਏਗਾ। ਸੋਚੋਂ ਨਾਟ, ਲਗਾਓ ਡਾੱਟ। ਫਿਨਿਸ਼ ਡਾੱਟ (ਬਿੰਦੀ) ਲਗਾਉਣ ਵਿੱਚ ਕਿੰਨਾ ਟਾਇਮ ਲੱਗਦਾ ਹੈ? ਸੈਕਿੰਡ ਤੋਂ ਵੀ ਘੱਟ। ਪਰ ਹੁੰਦਾ ਕੀ ਹੈ? ਸਮਝਦੇ ਹੋ ਕਿ ਇਹ ਨਹੀਂ ਕਰਨਾ ਹੈ, ਠੀਕ ਨਹੀਂ ਹੈ ਪਰ ਡਾੱਟ ਲਗਾਉਣਾ ਨਹੀਂ ਆਉਂਦਾ ਹੈ। ਨਾਲੇਜ਼ਫੁੱਲ ਤਾਂ ਬਣ ਗਏ ਲੇਕਿਨ ਸਿਰਫ਼ ਨਾਲੇਜ਼ਫੁੱਲ ਨਹੀਂ ਚਾਹੀਦੇ ਹਨ, ਨਾਲੇਜ਼ ਦੇ ਨਾਲ ਪਾਵਰਫੁੱਲ ਵੀ ਚਾਹੀਦੇ ਹਨ। ਤਾਂ ਪਾਵਰਫੁੱਲ ਸਥਿਤੀ ਦੀ ਕਮਜ਼ੋਰੀ ਹੈ ਇਸਲਈ ਡਾੱਟ ਨਹੀਂ ਲਗਾ ਸਕਦੇ ਹੋ। ਹੋਰ ਜਿਸ ਨੂੰ ਵੀ ਡਾੱਟ ਲਗਾਉਣਾ ਆਏਗਾ ਉਹ ਬਾਪ ਨੂੰ ਵੀ ਨਹੀਂ ਭੁੱਲੇਗਾ, ਬਾਪ ਵੀ ਡਾੱਟ (ਬਿੰਦੀ) ਹੈ। ਤੁਸੀਂ ਵੀ ਡਾੱਟ ਹੋ। ਤਾਂ ਸਭ ਯਾਦ ਆ ਜਾਏਗਾ। ਫੁੱਲਸਟਾਪ। ਕਵੇਸ਼ਚਨ ਮਾਰਕ (?), ਆਸ਼ਚਾਰਯ ਦੀ ਮਾਤਰਾ (!) ਜਾਂ ਕੌਮਾਂ(,) ਇਹ ਨਹੀਂ ਦਵੋ, ਫੁਲਸਟਾਪ (.) ਫੁੱਲਸਟਾਪ ਦੀ ਮਾਤਰਾ ਇਜ਼ੀ ਹੈ ਨਾ। ਹੋਰ ਸਭ ਤਾਂ ਮੁਸ਼ਕਿਲ ਹੈ। ਹੋਰ ਸਭਤੋਂ ਮੁਸ਼ਕਿਲ ਹੈ ਕਵੇਸ਼ਚਨ ਮਾਰਕ। ਉਹ ਲਗਾਉਣਾ ਬਹੁਤ ਜਲਦੀ ਆਉਂਦਾ ਹੈ। ਸੁਣਾਇਆ ਹੈ ਨਾ ਕਿ ਵਾਏ (ਕਿਉਂ) ਸ਼ਬਦ ਆਏ ਤਾਂ ਕੀ ਕਰੋ? ਫਲਾਏ। ਉਪਰ ਉੱਡ ਜਾਓ। ਵਾਏ ਨਹੀਂ ਫਲਾਏ। ਫਲਾਏ (ਉੱਡਣਾ) ਆਉਂਦਾ ਹੈ?

ਉਵੇਂ ਡਬਲ ਫਾਰਨੇਰਸ ਵਿਚੋਂ ਚੰਗੇ - ਚੰਗੇ ਰਤਨ ਨਿਕਲੇ ਹਨ। ਬਾਪਦਾਦਾ ਅਜਿਹੇ ਰਤਨਾਂ ਨੂੰ ਦੇਖ ਹਰਸ਼ਿਤ ਹੁੰਦੇ ਹਨ। ਨਾਲ - ਨਾਲ ਅਜਿਹੇ ਰਤਨ ਤੇ ਬਹੁਤ ਅਮੁੱਲ ਹਨ, ਇਵੇਂ ਦੇ ਅਮੁੱਲ ਰਤਨਾਂ ਵਿੱਚ ਜੇਕਰ ਜ਼ਰਾ - ਜਿਹਾ ਵੀ ਕਿੱਥੇ ਦਾਗ਼ ਦਿਖਾਈ ਦਿੰਦਾ ਹੈ ਤਾਂ ਅਮੁੱਲ ਰਤਨ ਦੇ ਅੱਗੇ ਉਹ ਦਾਗ਼ ਚੰਗਾ ਨਹੀਂ ਲੱਗਦਾ। ਹੁਣ ਛੋਟਾ ਜਿਹਾ ਦਾਗ਼ ਹੈ ਪਰ ਕਹਾਂਗੇ ਤਾਂ ਦਾਗ਼ ਨਾ ! ਤਾਂ ਜਦੋਂ ਅਮੁੱਲ਼ ਰਤਨ ਬਣ ਗਏ ਹੋ ਤਾਂ ਬਾਕੀ ਛੋਟਾ - ਜਿਹਾ ਦਾਗ਼ ਕਿਉਂ ਰੱਖਿਆ ਹੈ? ਚੰਗਾ ਲੱਗਦਾ ਹੈ ਕੀ? ਇਹ ਤਾਂ ਨਹੀਂ ਸੋਚਦੇ ਹੋ ਕਿ ਚੰਦਰਮਾਂ ਵਿੱਚ ਵੀ ਕਾਲਾ ਦਿਖਾਈ ਦਿੰਦਾ ਹੈ ਇਸਲਈ ਚੰਗਾ ਹੈ! ਡਬਲ ਵਿਦੇਸ਼ੀ ਸੈਮਪਲ ਬਣਕੇ ਦਿਖਾਓ। ਜ਼ਰਾ ਵੀ ਕੋਈ ਕਮੀ ਨਹੀਂ। ਵੈਸੇ ਦਾਗ਼ ਦੇ ਕਾਰਨ ਕੀ ਹੁੰਦਾ ਹੈ? ਚਾਹੁੰਦੇ ਨਹੀਂ ਹੋ ਕਿ ਦਾਗ਼ ਲੱਗੇ ਪਰ ਲੱਗ ਜਾਂਦਾ ਹੈ। ਕਿਉਂ ਲੱਗ ਜਾਂਦਾ ਹੈ? ਮੂਲ ਕਾਰਣ ਜਾਣਦੇ ਹੋ? ਜਾਨਣ ਵਿੱਚ ਤਾਂ ਹੁਸ਼ਿਆਰ ਹੋ। ਜਾਣਦੇ ਵੀ ਹੋ ਅਤੇ ਜਦੋਂ ਆਪਸ ਵਿੱਚ ਵਰਕਸ਼ਾੱਪ ਕਰਦੇ ਹੋ ਤਾਂ ਬਾਪਦਾਦਾ ਵਰਕਸ਼ਾੱਪ ਦੇ ਵੀ ਫ਼ੋਟੋ ਦੇਖਦੇ ਹਨ, ਕਾਰਨ ਬਹੁਤ ਨਿਕਾਲਦੇ ਹੋ - ਇਹ ਕਾਰਨ ਹੈ, ਇਹ ਕਾਰਨ ਹੈ …ਅਤੇ ਵਧੀਆ - ਵਧੀਆ ਗੱਲਾਂ ਵਰਕਸ਼ਾੱਪ ਵਿੱਚ ਕੱਢਦੇ ਹੋ ਪਰ ਵਰਕ ਵਿੱਚ ਨਹੀਂ ਲਿਆਉਂਦੇ ਹੋ। ਬਾਡੀ ਕਾਂਨਸਿਅਸ ਦੇ ਬਹੁਤ ਸੂਕ੍ਸ਼੍ਮ ਰੂਪ ਬਣਦੇ ਜਾਂਦੇ ਹਨ। ਹੁਣ ਛੋਟੇ - ਮੋਟੇ ਰੂਪ ਵਿੱਚ ਬਾਡੀ ਕਾਂਨਨਸਿਅਸ ਨਹੀਂ ਆਉਂਦਾ ਪਰ ਸੂਕ੍ਸ਼੍ਮ ਅਤੇ ਰਾਇਲ ਰੂਪ ਵਿੱਚ ਆਉਂਦਾ ਹੈ। ਬੁੱਧੀ ਬਹੁਤ ਵਧੀਆ ਚਲਾਉਂਦੇ ਹੋ, ਜਦੋਂ

ਚੰਗੀਆਂ - ਚੰਗੀਆਂ ਗੱਲਾਂ ਸੋਚਦੇ ਹੋ ਤਾਂ ਬਾਪਦਾਦਾ ਖੁਸ਼ ਹੁੰਦੇ ਹਨ। ਪਰ ਚੰਗੀਆਂ ਗੱਲਾਂ ਸੋਚਦੇ - ਕਰਦੇ ਥੋੜ੍ਹਾ ਵੀ ਏਡੀਸ਼ਨ - ਕਰੇਕਸ਼ਨ ਕਰਦੇ ਹੋ ਤਾਂ ਮੈਂ - ਪਨ ਆ ਜਾਂਦਾ ਹੈ। ਜਿਵੇਂ ਖੁਸ਼ੀ ਨਾਲ ਆਪਣੇ ਵਿਚਾਰ ਦਿੰਦੇ ਹੋ ਇਵੇਂ ਦੂਸਰੇ ਦੇ ਵਿਚਾਰ ਵੀ ਖੁਸ਼ੀ ਨਾਲ ਲਵੋ। ਘਬਰਾਓ ਨਹੀਂ - ਇਹ ਕਿਵੇਂ ਹੋਵੇਗਾ, ਇਹ ਕੀ ਕੀਤਾ, ਇਹ ਤਾਂ ਹੋ ਨਹੀਂ ਸਕਦਾ, ਇਹ ਤੇ ਚੱਲ ਨਹੀਂ ਸਕਦਾ...। ਦੂਸਰੇ ਦੀ ਰਾਏ, ਦੂਸਰੇ ਦੀ ਗੱਲ ਨੂੰ ਵੀ ਇਨਾਂ ਹੀ ਰਿਗਾਰ੍ਡ ਦਵੋ ਜਿਨਾਂ ਆਪਣੀਆਂ ਗਲਾਂ ਨੂੰ ਰਿਗਾਰ੍ਡ ਦਿੰਦੇ ਹੋ। ਵਿਚਾਰ ਦੇਣਾ ਵੱਖ ਚੀਜ਼ ਹੈ, ਤੁਹਾਨੂੰ ਉਹਨਾਂ ਦਾ ਵਿਚਾਰ ਜੇਕਰ ਠੀਕ ਨਹੀਂ ਵੀ ਲੱਗਦਾ ਤਾਂ ਉਸਦੇ ਇੰਫ੍ਰੇਕ੍ਰ ਵਿੱਚ ਆਉਣਾ, ਅਵਸਥਾ ਥੱਲੇ - ਉੱਪਰ ਹੋ ਜਾਏ ਤਾਂ ਇਹ ਸੇਵਾ, ਸੇਵਾ ਨਹੀਂ ਹੁੰਦੀ। ਏਡਜਸਟ ਕਰਨਾ, ਦੂਸਰੇ ਦੇ ਵਿਚਾਰ ਨੂੰ ਵੀ ਆਪਣੇ ਵਿਚਾਰਾਂ ਦੇ ਮਾਫ਼ਿਕ ਸੋਚਣਾ - ਸਮਝਣਾ - ਇਹ ਹੈ ਦੂਸਰੇ ਦੇ ਵਿਚਾਰਾਂ ਨੂੰ ਰਿਗਾਰ੍ਡ ਦੇਣਾ। ਜਿਵੇਂ ਸਮਝਦੇ ਹੋ ਨਾ ਕਿ ਮੈਂ ਇਹ ਸੋਚਿਆ ਜਾਂ ਵਿਚਾਰ ਨਿਕਲਿਆ, ਵਿਚਾਰ ਕੀਤਾ, ਕੰਮ ਕੀਤਾ, ਤਾਂ ਮੇਰੇ ਵਿਚਾਰਾਂ ਦਾ ਮਹੱਤਵ ਹੋਣਾ ਚਾਹੀਦਾ ਹੈ, ਦੂਸਰੇ ਨੂੰ ਰਿਗਾਰ੍ਡ ਦੇਣਾ ਚਾਹੀਦਾ, ਇਵੇਂ ਦੂਸਰੇ ਦਾ ਵਿਚਾਰ ਵੀ ਆਪਣੇ ਵਿਚਾਰਾਂ ਨਾਲ ਮਿਲਣਾ, ਉਹ ਮਿਲਾਉਣਾ ਨਹੀਂ ਆਉਂਦਾ ਹੈ, ਦੂਸਰੇ ਦੇ ਵਿਚਾਰ ਨੂੰ ਦੂਸਰੇ ਦੇ ਵਿਚਾਰ ਸਮਝਦੇ ਹੋ ਕਿਉਂਕਿ ਹੁਣ ਡਬਲ ਵਿਦੇਸ਼ੀ ਵੀ ਸੇਵਾ ਦੇ ਸ਼ੇਤਰ ਵਿੱਚ ਪਲੈਨ ਬਣਾਉਣ ਵਿੱਚ ਚੰਗੀ ਪ੍ਰੋਗਰੈੱਸ ਕਰ ਰਹੇ ਹੋ ਅਤੇ ਅੱਗੇ ਵੀ ਹੋਣੀ ਹੈ। ਪਰ ਏਡਜਸਟਮੈਂਟ ਦੀ ਵਿਸ਼ੇਸਤਾ ਨੂੰ ਯੂਜ਼ ਕਰੋ। ਜੇਕਰ ਕੋਈ ਬੱਚਾ ਅੱਗੇ ਵਧਦਾ ਹੈ ਤਾਂ ਬਾਪਦਾਦਾ ਨੂੰ ਖੁਸ਼ੀ ਹੁੰਦੀ ਹੈ। ਇਵੇਂ ਨਹੀਂ ਹੈ ਕਿ ਇਹ ਕਿਉਂ ਅੱਗੇ ਵਧੇ। ਜੋ ਵਧਦਾ ਹੈ ਬਹੁਤ ਵਧੀਆ। ਤਾਂ ਡਬਲ ਵਿਦੇਸ਼ੀਆਂ ਦੇ ਲਈ ਬਾਪਦਾਦਾ ਨੂੰ ਸਨੇਹ ਤਾਂ ਹੈ ਹੀ ਪਰ ਸੇਵਾ ਦੀ ਪਲੈਨ ਅਤੇ ਪ੍ਰੈਕਟੀਕਲ ਸੇਵਾ ਦੇ ਲਈ ਜੋ ਕਰਦੇ ਹੋ, ਕਰ ਰਹੇ ਹੋ, ਉਸਦੇ ਲਈ ਬਹੁਤ -ਬਹੁਤ ਰਿਗਾਰ੍ਡ ਹੈ।

ਬਾਪਦਾਦਾ ਨੇ ਪਹਿਲੇ ਵੀ ਸੁਣਾਇਆ ਸੀ ਜੇਕਰ ਤੁਸੀਂ ਡਬਲ ਵਿਦੇਸ਼ੀ ਨਹੀਂ ਹੁੰਦੇ ਤਾਂ ਬਾਪ ਦਾ ਇੱਕ ਟਾਈਰਲ ਪ੍ਰੈਕਟੀਕਲ ਵਿੱਚ ਸਿੱਧ ਨਹੀਂ ਹੁੰਦਾ। ਕਿਹੜਾ? ਵਿਸ਼ਵ ਕਲਿਆਣਕਾਰੀ। ਤਾਂ ਹੁਣ ਦੇਖੋ ਵਿਸ਼ਵ ਦੇ ਚਾਰੋਂ ਪਾਸੇ ਦੇ ਬਾਪ ਦਾ ਮੈਸੇਜ ਦੇ ਰਹੇ ਹੋ ਨਾ! ਇਸ ਸੀਜ਼ਨ ਵਿੱਚ ਚਾਰੋਂ ਪਾਸੇ ਦੇ ਆਏ ਹਨ ਨਾ! ਟੋਟਲ ਕਿੰਨੇ ਦੇਸ਼ ਦੇ ਆਏ ਹਨ? (58) ਬਾਕੀ ਕਿੰਨੇ ਮੁੱਖ ਦੇਸ਼ ਰਹੇ ਹਨ? (125) ਛੋਟੇ - ਛੋਟੇ ਦੇਸ਼ ਤਾਂ ਬਹੁਤ ਹੋਣਗੇ, ਪਰ ਮੁਖ ਦੇਸ਼ 125 ਰਹੇ ਹੋਏ ਹਨ! ਤਾਂ ਹੁਣ ਡਬਲ ਵਿਦੇਸ਼ੀਆਂ ਨੂੰ ਤਾਂ ਬਹੁਤ ਕੰਮ ਕਰਨਾ ਪਵੇਗਾ! ਭਾਰਤ ਵਿੱਚ ਵੀ ਕਰਨਾ ਹੈ ਤਾਂ ਵਿਦੇਸ਼ ਵਿੱਚ ਵੀ ਕਰਨਾ ਹੈ, ਦੋਵੇ ਜਗ੍ਹਾ ਕਰਨਾ ਹੈ। ਬਾਪਦਾਦਾ ਨੇ ਪਹਿਲੇ ਵੀ ਕਿਹਾ ਹੈ ਕਿ ਸੇਵਾ ਦੀ ਸੰਪੂਰਨ ਸਫ਼ਲਤਾ ਦੀ ਨਿਸ਼ਾਨੀ ਇਹ ਹੈ ਕਿ ਕਿਸੇ ਵੀ ਵਲ ਦੀ ਆਤਮਾ ਉਲਾਹਣਾ ਨਹੀਂ ਦਵੇ ਕਿ ਸਾਡੇ ਵੱਲ ਤਾਂ ਮੈਸੇਜ ਪਹੁੰਚਿਆ ਹੀ ਨਹੀਂ। ਮੈਸੇਜ ਪਹੁੰਚਾਇਆ ਅਤੇ ਸੁਣਦੇ ਹੋਏ ਕਿਸੇ ਨੇ ਆਪਣਾ ਭਾਗ ਨਹੀਂ ਬਣਾਇਆ ਤਾਂ ਆਪਣੇ ਪ੍ਰਤੀ ਉਲਾਹਣਾ ਨਹੀਂ ਹੋਇਆ, ਇਹ ਉਹਨਾਂ ਆਤਮਾਵਾਂ ਦੇ ਪ੍ਰਤੀ ਹੋਇਆ। ਪਰ ਤੁਹਾਡੇ ਪ੍ਰਤੀ ਕੋਈ ਉਲਾਹਣਾ ਨਹੀਂ ਰਹਿ ਜਾਏ। ਜਦੋਂ ਕਹਿੰਦੇ ਹੀ ਹਨ ਕਿ ਮਾਸਟਰ ਵਿਸ਼ਵ ਕਲਿਆਣਕਾਰੀ ਹਨ ਤਾਂ ਵਿਸ਼ਵ ਦੇ ਚਾਰੋਂ ਪਾਸੇ ਦੇ ਮੈਸੇਜ ਤਾਂ ਪਹੁਚਾਉਣਾ ਚਾਹੀਦਾ ਹੈ। ਭਾਰਤ ਵਿੱਚ ਵੀ ਪਹੁੰਚਾਉਣਾ ਚਾਹੀਦਾ ਹੈ ਤਾਂ ਵਿਦੇਸ਼ਾ ਵਿੱਚ ਵੀ ਪਹੁੰਚਾਉਣਾ ਚਾਹੀਦਾ ਹੈ। ਜਿਸ ਸਮੇਂ ਤੁਹਾਡਾ ਵਿਜੇ ਦਾ ਝੰਡਾ ਲਹਿਰਾਉਂਦਾ ਹੈ ਉਸ ਸਮੇਂ ਜੇਕਰ ਕਿਸੇ ਦੀ ਆਤਮਾ ਆਕੇ ਇਹ ਉਲਾਹਣਾ ਦਵੇ ਤਾਂ ਚੰਗਾ ਲੱਗੇਗਾ? ਇੱਕ ਪਾਸੇ ਤੁਸੀਂ ਝੰਡਾ ਲਹਿਰਾ ਰਹੇ ਹੋ ਅਤੇ ਦੂਸਰੇ ਪਾਸੇ ਉਲਾਹਣਾ ਦੇ ਰਹੇ ਹੋ ਤਾਂ ਚੰਗਾ ਲੱਗੇਗਾ? ਨਹੀਂ ਲੱਗੇਗਾ ਨਾ! ਡਬਲ ਵਿਦੇਸ਼ੀਆਂ ਦੀ ਹਿੰਮਤ ਚੰਗੀ ਹੈ, ਬਾਪ ਨਾਲ ਪਿਆਰ ਤਾਂ ਹੈ ਹੀ ਪਰ ਸੇਵਾ ਨਾਲ ਵੀ ਪਿਆਰ ਚੰਗਾ ਹੈ। ਦੋਵਾਂ ਨਾਲ ਪਿਆਰ ਦਾ ਸਰਟੀਫਿਕੇਟ ਚੰਗਾ ਹੈ। ਹੁਣ ਕਿਹੜਾ ਸਰਟੀਫਿਕੇਟ ਲੈਣਾ ਹੈ? ਜਿੰਨੇ ਸੇਵਾਧਾਰੀ, ਉਨ੍ਹੇ ਹੀ ਸ਼ਕਤੀਧਾਰੀ। ਤਾਂ ਸ਼ਕਤੀਸਵਰੂਪ ਬਣ ਗਏ - ਇਹ ਸਰਟੀਫਿਕੇਟ ਲੈਣਾ ਹੈ। ਬਾਪਦਾਦਾ ਦੇਖਦੇ ਹਨ - ਮੈਜੋਰਟੀ ਬਾਪ ਅਤੇ ਸੇਵਾ ਨਾਲ ਪਿਆਰ ਵਿੱਚ ਪਾਸ ਹਨ। ਅੱਛਾ!

ਚਾਰੋਂ ਪਾਸੇ ਧਰਮ ਸੱਤਾ ਦੇ ਅਧਿਕਾਰੀ ਆਤਮਾਵਾਂ, ਸਦਾ ਸਵਰਾਜ ਸੱਤਾ ਦੇ ਅਧਿਕਾਰੀ ਆਤਮਾਵਾਂ, ਸਦਾ ਡਬਲ ਸੱਤਾਧਾਰੀ ਡਬਲ ਤਾਜਧਾਰੀ ਸ਼੍ਰੇਸ਼ਠ ਆਤਮਾਵਾਂ, ਸਦਾ ਸਰਵ ਸ਼ਕਤੀਆਂ ਦਵਾਰਾ ਸ਼ਕਤੀ ਸਵਰੂਪ ਦਾ ਪ੍ਰਤੱਖ ਸਵਰੂਪ ਦਿਖਾਉਣ ਵਾਲੇ ਸ਼ਕਤੀਸ਼ਾਲੀ ਆਤਮਾਵਾਂ, ਸਦਾ ਲਕਸ਼ ਨੂੰ ਲਕਸ਼ਨ ਦੇ ਰੂਪ ਵਿੱਚ ਦੇਖਣ ਵਾਲੇ, ਅਨੁਭਵ ਕਰਨ ਵੇਲ ਸ਼ਕਤੀਸ਼ਾਲੀ ਮਹਾਂਵੀਰ, ਅਚਲ - ਅਡੋਲ ਆਤਮਾਵਾਂ ਨੂੰ ਬਾਪਦਾਦਾ ਦਾ ਯਾਦ - ਪਿਆਰ ਅਤੇ ਨਮਸਤੇ।

ਵਰਦਾਨ:- ਦ੍ਰਿੜ੍ਹ ਸੰਕਲਪ ਦਵਾਰਾ ਵਿਅਰਥ ਦੀ ਬਿਮਾਰੀ ਨੂੰ ਸਦਾ ਦੇ ਲਈ ਖ਼ਤਮ ਕਰਨ ਵਾਲੇ ਸਫ਼ਲਤਾਮੂਰਤ ਭਵ

ਸਫ਼ਤਲਾ ਮੂਰਤ ਬਣਨ ਦੇ ਲਈ ਸਭ ਬੱਚਿਆਂ ਨੂੰ ਇਹ ਹੀ ਇੱਕ ਦ੍ਰਿੜ੍ਹ ਸੰਕਲਪ ਕਰਨਾ ਹੈ ਕਿ ਨਾ ਕਦੀ ਵਿਅਰਥ ਸੋਚਾਂਗੇ, ਨਾ ਕਦੀ ਵਿਅਰਥ ਦੇਖਾਂਗੇ,ਨਾ ਵਿਅਰਥ ਸੁਣਾਂਗੇ, ਨਾ ਵਿਅਰਥ ਬੋਲਾਂਗੇ ਅਤੇ ਨਾ ਵਿਅਰਥ ਕਰਾਂਗੇ... ਸਦਾ ਸਾਵਧਾਨ ਰਹਿ ਵਿਅਰਥ ਦੇ ਨਾਮ ਨਿਸ਼ਾਨ ਨੂੰ ਵੀ ਸਮਾਪਤ ਕਰਾਂਗੇ। ਇਹ ਵਿਅਰਥ ਦੀ ਬਿਮਾਰੀ ਬਹੁਤ ਕੜੀ ਹੈ ਜੋ ਯੋਗੀ ਬਣਨ ਨਹੀਂ ਦਿੰਦੀ, ਕਿਉਂਕਿ ਵਿਅਰਥ ਹੈ ਵਿਸਤਾਰ, ਵਿਸਤਾਰ ਵਿੱਚ ਭੱਟਕਣ ਵਾਲੀ ਬੁੱਧੀ ਨੂੰ ਸਮੇਟਣ ਦੀ ਸ਼ਕਤੀ ਦਵਾਰਾ ਸਾਰ ਸਵਰੂਪ ਵਿੱਚ ਸਥਿਤ ਕਰੋ ਉਦੋਂ ਸਹਿਯੋਗੀ, ਸਫ਼ਲਤਾਮੂਰਤ ਬਣੋਂਗੇ।

ਸਲੋਗਨ:- ਦੂਸਰੇ ਨੂੰ ਕਹਿਕੇ ਸਿਖਾਉਣ ਦੀ ਬਜਾਏ ਕਰਕੇ ਸਿਖਾਉਣ ਵਾਲੇ ਬਣੋ।

******

ਸੂਚਨਾ:- ਅੱਜ ਮਹੀਨੇ ਦਾ ਤੀਸਰਾ ਰਵਿਵਾਰ ਹੈ, ਸਭ ਰਾਜਯੋਗੀ ਤੱਪਸਵੀ ਭਰਾ ਭੈਣਾਂ ਸ਼ਾਮ 6.30 ਤੋਂ 7.30 ਵਜੇ ਤੱਕ, ਵਿਸ਼ੇਸ਼ ਯੋਗ ਅਭਿਆਸ ਦੇ ਸਮੇਂ ਅਨੁਭਵ ਕਰਨ ਕਿ ਮੈਂ ਆਤਮਾ ਭ੍ਰਿਕੁਟੀ ਆਸਨ ਤੇ ਵਿਰਾਜਮਾਨ ਇੱਕ ਚੇਤੰਨ ਦੀਪਕ ਹਾਂ। ਮੈਂ ਅਗਿਆਨਤਾ ਦਾ ਹਨ੍ਹੇਰਾ ਦੂਰ ਕਰ ਗਿਆਨ ਦਾ ਪ੍ਰਕਾਸ਼ ਫੈਲਾਕੇ ਵਿਸ਼ਵ ਨੂੰ ਰੋਸ਼ਨੀ ਕਰਨ ਦੇ ਨਿਮਿਤ ਬ੍ਰਾਹਮਣ ਕੁਲ ਦੀਪਕ ਹਾਂ।